# ਅਲਮਾਂਡਾ ਕਾਉਂਟੀ ਦੀ ਹਾਉਸਿੰਗ ਅਥਾੱਰਿਟੀ (Housing Authority of the County of Alameda, HACA)

# ਉਡੀਕ- ਸੂਚੀ ਲਈ ਅਰਜ਼ੀ ਲੈਣ ਦਾ ਅਮਲ ਸ਼ੁਰੂ ਹੋਣ ਵਾਲਾ ਹੈ – 1 ਦਿਨ ਵਧਾਇਆ ਗਿਆ ਹੈ

## ਹਾਉਸਿੰਗ ਦੀ ਚੋਣ ਬਾਰੇ ਵਾਉਚਰ (Housing Choise Voucher, HCV) (ਸੈਕਸ਼ਨ 8) ਅਤੇ HACA-ਦੀ ਮਾਲਕੀ ਵਾਲਾ ਪ੍ਰੋਜੈਕਟ,ਅਧਾਰਿਤ (Project-Based Voucher, PBV) 3 ਅਤੇ 4-ਬੈਡਰੂਮ ਦੀਆਂ ਯੂਨਿਟਾਂ

**ਇਹ ਅਰਜ਼ੀਆਂ ਸਿਰਫ਼ ਸੋਮਵਾਰ, 6 ਮਈ, 2024 ਨੂੰ**
**ਸਵੇਰੇ 8 ਵਜੇ PST ਤੋਂ ਰਾਤੀਂ 8:00 ਵਜੇ PST ਤੱਕ ਹੀ ਲਈਆਂ ਜਾਣਗੀਆਂ**
*(ਦਸਤਾਵੇਜ਼ੀ ਅਰਜ਼ੀਆਂ ਪ੍ਰਵਾਣ ਨਹੀਂ ਕੀਤੀਆਂ ਜਾਣਗੀਆਂ)*

## ਸਿਰਫ਼ ਇਸ ਵੈਬਸਾਈਟ ਛੇ ਆੱਨਲਾਈਨ ਅਪਲਾਈ ਕਰੋ: www.haca.net –"Apply Now" ("ਹੁਣ ਅਪਲਾਈ ਕਰੋ") ਛੇ ਕਲਿਕ ਕਰੋ।

HACA (ਹਾਉਸਿੰਗ ਅਥਾੱਰਿਟੀ ਔੱਫ਼ ਦਿ ਕਾਉਂਟੀ ਔੱਫ਼ ਅਲਮੀਡਾ) ਆਪਣੀ ਅਪ੍ਰੈਲ 2024 ਦੀ ਉਡੀਕ- ਸੂਚੀ ਲਈ ਅਰਜ਼ੀ ਲੈਣ ਦਾ ਅਮਲ ਸਿਰਫ਼ ਇੱਕ ਦਿਨ ਲਈ 6 ਮਈ 2024 ਨੂੰ ਸਵੇਰੇ 12:00 ਵਜੇ PST ਤੋਂ ਰਾਤੀਂ 11:59 ਵਜੇ PST ਤੱਕ ਵਧਾ ਰਹੀ ਹੈ। ਜੇ ਤੁਸੀਂ ਅਪ੍ਰੈਲ ਦੀ ਉਡੀਕ- ਸੂਚੀ ਦਾ ਅਮਲ ਸ਼ੁਰੂ ਹੋਣ ਦੌਰਾਨ ਅਪਲਾਈ ਕੀਤਾ ਹੈ, ਤਾਂ ਤੁਹਾਨੂੰ ਕੋਈ ਕਾਰਵਾਈ ਕਰਨ ਦੀ ਲੋੜ ਨਹੀਂ ਹੈ। ਅਪ੍ਰੈਲ 2024 ਵਿੱਚ ਇਹ ਅਮਲ ਸ਼ੁਰੂ ਕਰਨ ਵੇਲੇ ਪਹਿਲਾਂ ਪ੍ਰਾਪਤ ਕੀਤੀਆਂ ਗਈਆਂ ਸਾਰੀਆਂ ਅਰਜ਼ੀਆਂ ਅਤੇ ਵਧਾਈ ਗਈ ਮਿਆਦ ਵਾਲੇ ਦਿਨ ਮਿਲੀਆਂ ਅਰਜ਼ੀਆਂ ਲਾੱਟਰੀ ਵਿੱਚ ਸ਼ਾਮਿਲ ਕੀਤੀਆਂ ਜਾਣਗੀਆਂ।

HACA ਬਹੁਤ ਘੱਟ ਆਮਦਨ (very low-income, VLI) ਅਤੇ ਬਹੁਤ ਜ਼ਿਆਦਾ ਘੱਟ ਆਮਦਨ (extremely low-income, ELI) ਵਾਲੇ ਪਰਿਵਾਰਾਂ ਲਈ Emeryville ਅਤੇ Union City ਵਿਚਲੇ ਸਾਡੇ HCV (ਸੈਕਸ਼ਨ 8) ਪ੍ਰੋਗਰਾਮ ਅਤੇ HACA-ਦੀ ਮਾਲਕੀ ਵਾਲੀ ਪ੍ਰੋਜੈਕਟ,ਅਧਾਰਿਤ (PBV), 3- ਅਤੇ 4-ਬੈਡਰੂਮ ਦੀਆਂ ਯੂਨਿਟਾਂ ਲਈ ਆੱਨਲਾਈਨ ਅਰਜ਼ੀਆਂ ਪ੍ਰਵਾਣ ਕਰੇਗੀ। ਸੈਕਸ਼ਨ 8 ਘੱਟ ਆਮਦਨ ਵਾਲੇ ਹੱਕਦਾਰ ਪਰਿਵਾਰਾਂ ਨੂੰ ਉਹਨਾਂ ਦੀ ਮਨਪਸੰਦ ਯੂਨਿਟ ਦੇ ਕਿਰਾਏ ਵਿੱਚ ਮਦਦ ਕਰਦਾ ਹੈ। HACA ਦੀਆਂ ਮਾਲਕੀ ਵਾਲੀਆਂ ਯੂਨਿਟਾਂ ਵਿੱਚ PBV ਕਿਰਾਏ ਲਈ ਇਹ ਮਦਦ ਮੁਹੱਈਆ ਕਰਦੀ ਹੈ। ਇਸ ਬਾਰੇ https://www.haca.net/housing-programs ਛੇ ਹੋਰ ਜਾਣੋ। HACA Alameda County ਵਿੱਚ ਹੇਠਾਂ ਦਿੱਤੇ ਸ਼ਹਿਰਾਂ ਵਿੱਚ ਸੇਵਾ ਦਿੰਦੀ ਹੈ: Albany, Emeryville, Castro Valley, Dublin, Fremont, Hayward, Newark, Pleasanton, San Leandro, San Lorenzo, Union City ਅਤੇ Alameda County ਦੇ ਸ਼ਾਮਿਲ ਨਾ ਕੀਤੇ ਗਏ ਇਲਾਕੇ।

ਅਪਲਾਈ ਕਰਨ ਦੀ ਕੋਈ ਲਾਗਤ ਨਹੀਂ ਹੈ। ਆਪਣੇ ਮੋਬਾਈਲ ਫ਼ੋਨ ਸਮੇਤ ਇੰਟਰਨੈਟ ਤੱਕ ਪਹੁੰਚ ਵਾਲੀ ਕਿਸੇ ਵੀ ਡਿਵਾਈਸ ਦੀ ਵਰਤੋਂ ਕਰਕੇ ਅਪਲਾਈ ਕਰੋ। ਇਹ ਅਰਜ਼ੀ ਅੰਗ੍ਰੇਜ਼ੀ+ਚੀਨੀ+ਸਪੈਨਿਸ਼ ਅਤੇ ਵੀਅਤਨਾਮੀ ਵਿੱਚ ਉਪਲਬਧ ਹੋਏਗੀ।

ਬਜ਼ੁਰਗਾਂ+ ਅਸਮਰੱਥ (ਅਪਾਹਜ)+ਘੱਟ ਅੰਗ੍ਰੇਜ਼ੀ ਜਾਣਨ ਵਾਲੇ ਲੋਕਾਂ ਅਤੇ ਆਮ ਲੋਕਾਂ ਦੀ ਮਦਦ ਲਈ HACA ਦੇ ਭਾਈਚਾਰਕ ਭਾਈਵਾਲ ਹਨ। www.haca.net ਛੇ ਇਹਨਾਂ ਸੰਸਥਾਵਾਂ ਦੀ ਸੂਚੀ ਮਿਲ ਸਕਦੀ ਹੈ ਜਾਂ HACA ਦੇ ਦਫ਼ਤਰ ਤੋਂ ਛਪੀ ਹੋਈ ਕਾੱਪੀ ਲਈ ਜਾ ਸਕਦੀ ਹੈ। ਜੇ ਇਹ ਭਾਈਵਾਲ ਤੁਹਾਡੀ ਮਦਦ ਨਹੀਂ ਕਰ ਸਕਦੇ+ਤਾਂ ਕਿਰਪਾ ਕਰਕੇ ਸਾਨੂੰ (510) 727-8519 'ਤੇ ਕਾੱਲ ਕਰੋ ਜਾਂ ਢੁਕਵੀਂ ਰਿਹਾਇਸ਼ ਜਾਂ ਮਾਂ,ਬੋਲੀ ਵਿੱਚ ਸਮਝਾਉਣ ਵਾਸਤੇ ਬੇਨਤੀ ਲਈ ਸਾਨੂੰ waitlist@haca.net ਛੇ ਈਮੇਲ ਕਰੋ। ਮਦਦ ਲਈ ਬੇਨਤੀਆਂ ਸ਼ੁੱਕਰਵਾਰ+5 ਅਪ੍ਰੈਲ+ਦਿਨੇ 1:00 ਵਜੇ ਤੱਕ ਜ਼ਰੂਰ ਕੀਤੀਆਂ ਜਾਣੀਆਂ ਚਾਹੀਦੀਆਂ ਹਨ। ਸਹਾਇਤਾ ਲਈ ਬੇਨਤੀਆਂ ਸੋਮਵਾਰ, 6 ਮਈ ਨੂੰ ਬਾਅਦ ਦੁਪਹਿਰ 3:00 ਵਜੇ ਤੱਕ ਹੀ ਕੀਤੀਆਂ ਜਾ ਸਕਦੀਆਂ ਹਨ।

**ਅਪਲਾਈ ਕਰਨ ਲਈ ਤੁਹਾਨੂੰ ਕੀ ਚਾਹੀਦਾ ਹੈ:**

1.) ਵੈਧ ਈਮੇਲ ਪਤਾ
2.) ਫ਼ੋਨ ਨੰਬਰ
3.) ਘਰ ਦੇ ਸਾਰੇ ਮੈਂਬਰਾਂ ਦਾ ਪੂਰਾ ਨਾਂ
4.) ਘਰ ਦੇ ਸਾਰੇ ਮੈਂਬਰਾਂ ਦੀ ਜਨਮ, ਤਾਰੀਖ਼
5.) ਘਰ ਦੇ ਸਾਰੇ ਮੈਂਬਰਾਂ ਦਾ ਸੋਸ਼ਲ ਸਿਕਿਓਰਿਟੀ ਨੰਬਰ (ਜੇ ਉਪਲਬਧ ਹੈ)
6.) ਪਰਿਵਾਰ ਲਈ ਕੁੱਲ ਖ਼ਾਲਸ ਆਮਦਨ
7.) ਵੈਧ ਡਾਕ- ਪਤਾ

ਤੁਹਾਡੇ ਵਲੋਂ ਅਰਜ਼ੀ ਮੁਕੰਮਲ ਕਰਨ ਤੋਂ ਬਾਅਦ+ਕਿਰਪਾ ਕਰਕੇ ਆਪਣੀ ਅਰਜ਼ੀ ਦੇ ਰਿਕਾੱਰਡ ਵਜੋਂ ਪੁਸ਼ਟੀ ਵਾਲੇ ਪੇਜ ਨੂੰ ਪ੍ਰਿੰਟ ਕਰਨਾ ਜਾਂ ਸੇਵ ਕਰਨਾ ਯਕੀਨੀ ਬਣਾਓ।

**ਯੋਗਤਾ ਦੀਆਂ ਸ਼ਰਤਾਂ:**

1. ਅਰਜ਼ੀ ਦੇਣ ਸਮੇਂ ਪਰਿਵਾਰ ਦਾ ਮੁਖੀ 18 ਸਾਲ ਜਾਂ ਵੱਧ ਉਮਰ ਦਾ ਹੋਣਾ ਚਾਹੀਦਾ ਹੈ ਜਾਂ ਇੱਕ ਸੁਤੰਤਰ ਨੌਜੁਆਨ ਹੋਣਾ ਚਾਹੀਦਾ ਹੈ।
2. ਪਰਿਵਾਰ ਵਿਚਲਾ ਘੱਟੋ, ਘੱਟ ਇੱਕ ਵਿਅਕਤੀ ਅਮਰੀਕੀ ਨਾਗਰਿਕ ਜਾਂ ਹੱਕਦਾਰ ਪਰਵਾਸੀ ਹੋਣਾ ਚਾਹੀਦਾ ਹੈ।
3. ਸੂਚੀ ਵਿੱਚ ਅਜਿਹੇ ਕਿਸੇ ਵੀ ਸ਼ਖ਼ਸ ਨੂੰ ਸ਼ਾਮਿਲ ਨਹੀਂ ਕੀਤਾ ਜਾ ਸਕਦਾ+ਜੋ ਕਿਸੇ ਵੀ ਸਟੇਟ ਵਿੱਚ ਰਜਿਸਟ੍ਰੇਸ਼ਨ ਦੀਆਂ ਸ਼ਰਤਾਂ ਹੇਠ ਜ਼ਿੰਦਗੀ ਭਰ ਲਈ ਜਿਨਸੀ ਮੁਜਰਿਮ ਹੈ।
4. ਸੂਚੀ ਵਿੱਚ ਅਜਿਹੇ ਕਿਸੇ ਵੀ ਸ਼ਖ਼ਸ ਨੂੰ ਸ਼ਾਮਿਲ ਨਹੀਂ ਕੀਤਾ ਜਾ ਸਕਦਾ+ਜਿਸ ਨੂੰ ਫ਼ੈਡਰਲ ਸਹਾਇਤਾਪ੍ਰਾਪਤ ਰਿਹਾਇਸ਼ ਦੀਆਂ ਹੱਦਾਂ ਅੰਦਰ ਮੈਥਮਫੈਟਾਮਾਈਨ ਦਾ ਉਤਪਾਦਨ ਕਰਨ ਜਾਂ ਤਿਆਰ ਕਰਨ ਲਈ ਨਸ਼ੀਲੇ ਪਦਾਰਥਾਂ ਸਬੰਧੀ ਮੁਜਰਮਾਨਾ ਕਾਰਜ ਕਰਨ ਬਦਲੇ ਸਜ਼ਾ ਹੋਈ ਹੈ।
5. ਸੂਚੀ ਵਿੱਚ ਸ਼ਾਮਿਲ ਸਾਰੇ ਵਿਅਕਤੀਆਂ ਦੀ ਕੁੱਲ ਖ਼ਾਲਸ ਆਮਦਨ ਹੇਠਾਂ ਦਿੱਤੀ ਆਮਦਨ ਦੀ ਮਾਤਰਾ ਤੋਂ ਵੱਧ ਨਹੀਂ ਹੋਣੀ ਚਾਹੀਦੀ:

| | PBV (ELI) 30% AMI | HCV & PBV (VLI) 50% AMI |
|---|---|---|
| ਵਿਅਕਤੀ | ਆਮਦਨ ਦੀ ਸੀਮਾ | ਆਮਦਨ ਦੀ ਸੀਮਾ |
| 1 | 32,700 | 54,500 |
| 2 | 37,400 | 62,300 |
| 3 | 42,050 | 70,100 |
| 4 | 46,700 | 77,850 |
| 5 | 50,450 | 84,100 |
| 6 | 54,200 | 90,350 |
| 7 | 57,950 | 96,550 |
| 8 | 61,650 | 102,800 |
| 9 | 65,400 | 109,000 |
| 10 | 69,150 | 115,250 |
| 11 | 72,900 | 121,450 |
| 12 | 76,600 | 127,700 |

ਖੋਲ੍ਹਣ ਦੌਰਾਨ ਮਿਲੀਆਂ ਸਾਰੀਆਂ ਅਰਜ਼ੀਆਂ ਬੇਤਰਤੀਬੇ ਢੰਗ ਨਾਲ ਲਾੱਟਰੀ ਰਾਹੀਂ ਕੱਢੇ ਜਾਣ ਲਈ ਭੇਜੀਆਂ ਜਾਣਗੀਆਂ। ਹਰ ਪ੍ਰੋਗਰਾਮ ਦੀ ਉਡੀਕ, ਸੂਚੀ ਲਈ HACA ਅਰਜ਼ੀ ਦੇਣ ਵਾਲਿਆਂ ਦੇ ਹੇਠਾਂ ਦਿੱਤੇ ਨੰਬਰ ਅਨੁਸਾਰ ਡ੍ਰਾੱਅ ਕੱਢੇਗੀ:

| ਪ੍ਰੋਗਰਾਮ | ਉਡੀਕ, ਸੂਚੀ ਛੇ ਅਰਜ਼ੀ ਦੇਣ ਵਾਲਿਆਂ ਦਾ# |
|---|---|
| HCV - ਸੈਕਸ਼ਨ 8 | 5,000 |
| PBV 3-ਬੈਡਰੂਮ (VLI) | 1,500 |
| PBV 3-ਬੈਡਰੂਮ (ELI) | 1,500 |
| PBV 4-ਬੈਡਰੂਮ (VLI) | 500 |
| PBV 4-ਬੈਡਰੂਮ (ELI) | 500 |

ਅਰਜ਼ੀ ਸਬਮਿਟ ਕਰਨ ਦਾ ਮਤਲਬ ਉਡੀਕ, ਸੂਚੀਆਂ ਵਿੱਚ ਨੰਬਰ ਆਉਣ ਦੀ ਗਰੰਟੀ ਨਹੀਂ ਹੁੰਦੀ। ਅਰਜ਼ੀਆਂ ਦੀ ਚੋਣ ਹੁੰਦਿਆਂ ਸਾਰ ਹੀ+ਦਾਅਵਾ ਕੀਤੀਆਂ ਗਈਆਂ ਤਰਜੀਹਾਂ ਲਾਗੂ ਕੀਤੀਆਂ ਜਾਣਗੀਆਂ ਅਤੇ ਅਰਜ਼ੀ ਦੀ ਬੇਤਰਤੀਬੇ ਢੰਗ ਨਾਲ ਤੈਅ ਕੀਤੇ ਗਏ ਲਾੱਟਰੀ ਨੰਬਰ ਨਾਲ ਚੋਣ ਕੀਤੀ ਜਾਏਗੀ। ਅਰਜ਼ੀ ਦੇਣ ਵਾਲਿਆਂ ਨੂੰ ਉਡੀਕ ਸੂਚੀ ਬੰਦ ਹੋਣ ਦੇ 60 ਦਿਨਾਂ ਦੇ ਅੰਦਰ ਉਹਨਾਂ ਦੀ ਲਾੱਟਰੀ ਦੀ ਸਥਿਤੀ ਬਾਰੇ ਡਾਕ ਰਾਹੀਂ ਜਾਣਕਾਰੀ ਦਿੱਤੀ ਜਾਏਗੀ।

**ਧਿਆਨ ਦਿਓ**9ਅਰਜ਼ੀ ਦੇਣ ਵਾਲੇ ਕਿਸੇ ਵੀ ਸ਼ਖ਼ਸ ਨੂੰ ਉਡੀਕ, ਸੂਚੀ ਵਿੱਚ ਉਸਦਾ ਨਾਂ ਜ਼ਰੂਰ ਆਉਣ ਜਾਂ ਉਡੀਕ, ਸੂਚੀ ਵਿੱਚ ਕਿਸੇ ਖ਼ਾਸ ਸਥਿਤੀ ਵਿੱਚ ਰੱਖੇ ਜਾਣ ਦਾ ਕੋਈ ਹੱਕ ਨਹੀਂ ਹੈ। ਉਡੀਕ, ਸੂਚੀ ਵਿੱਚ ਪਲੇਸਮੈਂਟ ਦਾ ਮਤਲਬ ਇਹ ਨਹੀਂ ਹੈ ਕਿ ਪਰਿਵਾਰ ਸਹਾਇਤਾ ਲਈ ਹੱਕਦਾਰ ਹੈ। ਉਡੀਕ, ਸੂਚੀ ਤੋਂ ਪਰਿਵਾਰ ਦੀ ਚੋਣ ਹੁੰਦਿਆਂ ਸਾਰ ਹੀ ਅੰਤਮ ਫ਼ੈਸਲਾ ਕੀਤਾ ਜਾਏਗਾ।

**ਅਕਸਰ ਪੁੱਛੇ ਜਾਣ ਵਾਲੇ ਸੁਆਲਾਂ ਲਈ www.haca.net ਛੇ ਜਾਓ।**